Tender Heart High School Sec-33 B chd. Class-X Punjabi Lit.

Topic ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' (5)

Assignment no-(11) By Ramandeep Kaur

ਨੋਟ ਵਿਦਿਆਰਥੀ ਇਕਾਂਗੀ ਨੂੰ ਧਿਆਨ ਨਾਲ ਪੜ੍ਹਨਗੇ ਅਤੇ ਸਾਰ ਦੀ ਸਹਾਇਤਾ ਨਾਲ ਇਸਦੇ ਵਿਸ਼ੇ ਨੂੰ ਸਮਝਣ ਦੀ ਕੋਸ਼ਿਸ਼ ਕਰਨਗੇ। ਇਸਦੀ ਭਾਸ਼ਾ ਸਰਲ ਅਤੇ ਸਧਾਰਨ ਹੈ। ਉਮੀਦ ਹੈ ਵਿਦਿਆਰਥੀਆਂ ਨੂੰ ਵਿਸ਼ਾ ਸਮਝਣ ਵਿੱਚ ਕੋਈ ਔਖ ਨਹੀਂ ਹੋਵੇਗੀ।

ਸਾਰ ਨਿੱਕੀ ਦਾ ਨੀਲ ਪਰੀ ਦੀ ਕਹਾਣੀ ਸੁਣਾਉਣਾ - ਨਿੱਕੀ ਆਪਣਾ ਹੋਮ ਵਰਕ ਮੁਕਾ ਕੇ, ਆਪਣੇ ਭਰਾ ਨੂੰ ਨੀਲ ਪਰੀ ਦੀ ਕਹਾਣੀ ਸੁਣਾਉਂਦੀ ਹੈ ਜਿਹੜੀ ਉਸਦੀ ਕਿਤਾਬ ਵਿੱਚ ਹੈ ਪਰ ਵਿੱਕੀ ਆਪਣਾ ਹੋਮ ਵਰਕ ਕਰਨ ਵਿੱਚ ਐਨਾ ਮਸਰੂਫ ਹੈ ਕਿ ਉਸ ਵੱਲ ਧਿਆਨ ਨਹੀਂ ਦਿੰਦਾ। ਨਿੱਕੀ ਆਪਣੀ ਕਹਾਣੀ ਪੜ੍ਹਦੀ ਸੁਪਨਿਆਂ ਵਿੱਚ ਗੁਆਚ ਜਾਂਦੀ ਹੈ। ਉਹ ਪਰੀ ਦੇ ਕਪੜੇ ਪਾਉਂਦੀ ਅਤੇ ਨੱਚਣ-ਝੂਮਣ ਲਗ ਜਾਂਦੀ ਹੈ। ਉਹ ਆਪਣੀ ਕਲਪਨਾ ਰਾਹੀ ਹੋਈ ਸੁਪਨਿਆ ਦੀ ਦੁਨਿਆ ਵਿੱਚ ਪਹੁੰਚ ਜਾਂਦੀ ਹੈ। ਉਹ ਨੀਲਪਰੀ ਦਾ ਸੁਪਨਾ ਖੁਲੀਆਂ ਅੱਖਾਂ ਨਾਲ ਵੇਖਦੀ ਹੈ।

ਨਿੱਕੀ ਦੇ ਸੁਪਨਿਆ ਦਾ ਸੰਸਾਰ - ਨਿੱਕੀ ਵੇਖਦੀ ਹੈ ਕਿ ਨਿੱਕੇ-ਨਿੱਕੇ ਬੱਚੇ ਪਰੀਆਂ ਅਤੇ ਸੈਨਿਕਾਂ ਦੇ ਰੂਪ ਵਿੱਚ ਨੀਲਪਰੀ ਦੀ ਜੈ-ਜੈ ਕਾਰ ਕਰਦੇ ਹਨ ਅਤੇ ਜੋ ਕੀ ਬੌਣਾ ਜਾਦੂਗਰ ਬਣਿਆ ਹੈ। ਨਿੱਕੀ ਨੀਲਪਰੀ ਦੇ ਰੂਪ ਵਿੱਚ ਆਉਂਦੀ ਹੈ ਅਤੇ ਆਪਣੇ ਸਿੰਘਾਸਨ ਤੇ ਬੈਠਦੀ ਹੈ। ਉਹ ਆਪਣੇ ਦਰਬਾਰ ਬਾਰੇ ਬੌਣੇ ਜਾਦੂਗਰ ਤੋਂ ਪੁਛਦੀ ਹੈ ਉਹ ਕਹਿੰਦਾ ਜਿਹੜਾ ਰਾਖਸ਼ ਬੱਚਿਆਂ ਨੂੰ ਤੰਗ ਕਰਦਾ ਸੀ ਉਸਨੂੰ ਮੈਂ ਮੱਖੀ ਬਣਾ ਕੇ ਟੌਫੀ ਦੇ ਕਵਰ ਤੇ ਚਿਪਕਾ ਦਿੱਤਾ ਹੈ।

ਨੀਲਪਰੀ ਅਤੇ ਬੱਚਿਆਂ ਦੀਆਂ ਫਰਿਆਦਾਂ - ਗੁਆਂਢੀ ਦੇਸ਼ ਦੇ ਬੱਚੇ ਆਪਣੀਆਂ ਫਰਿਆਦਾਂ ਲੈ ਕੇ ਨੀਲਪਰੀ ਕੋਲ ਹਲ ਵਾਸਤੇ

Topic ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ (5)

Assignment no - (11) By Ramandeep Kaur

ਬੱਚੇ ਕਹਿੰਦੇ ਹਨ ਉਹਨਾਂ ਤੇ ਪੜ੍ਹਾਈ ਦਾ ਬਹੁਤ ਬੋਝ ਹੈ। ਕੰਮ ਨਾ ਕਰਨ ਤੇ ਸਜ਼ਾ ਦਿੱਤੀ ਜਾਂਦੀ ਹੈ। ਉਹਨਾਂ ਦਾ ਸਲੇਬਸ ਬਹੁਤ ਜ਼ਿਆਦਾ ਹੈ। ਅਧਿਆਪਕਾਂ ਕੋਲ ਇਸ ਗੱਲ ਦਾ ਕੋਈ ਠੋਸ ਉੱਤਰ ਨਹੀਂ ਹੁੰਦਾ। ਪ੍ਰਿੰਸੀਪਲ ਦਾ ਉੱਤਰ ਹੁੰਦਾ ਹੈ ਕਿ ਅਜੋਕਾ ਯੁੱਗ ਬਹੁਤ ਆਧੁਨਿਕ ਹੋ ਗਿਆ ਹੈ, ਸਮਾਂ ਬਦਲ ਗਿਆ, ਮਾਤਾ-ਪਿਤਾ ਦੇ ਕਹਿਣ ਅਨੁਸਾਰ ਹੀ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ।

ਮਾਤਾ-ਪਿਤਾ ਦਾ ਕਟਹਿਰੇ ਵਿੱਚ ਆਉਣਾ - ਮਾਤਾ-ਪਿਤਾ ਆਪਣਾ ਪੱਖ ਰੱਖਦੇ ਹਨ ਕਿ ਉਹਨਾਂ ਨੂੰ ਆਪਣੇ ਬੱਚਿਆਂ ਦਾ ਭਵਿੱਖ ਵਧੀਆ ਬਣਾਉਣਾ ਹੈ ਜੇ ਇਹ ਹੁਣ ਮਿਹਨਤ ਕਰ ਲੈਣਗੇ ਤਾਂ ਜ਼ਿੰਦਗੀ ਵਿੱਚ ਕੁੱਝ ਵਧੀਆ ਕਰਨਗੇ, ਜੋ ਅਸੀਂ ਨਹੀਂ ਕਰ ਸਕੇ ਅਸੀਂ ਇਹਨਾਂ ਨੂੰ ਮੌਕਾ ਦਿੰਦੇ ਹਾਂ ਆਪਣਾ ਭਵਿੱਖ ਸਵਾਰਨ ਦਾ। ਪਰ ਨੀਲਪਰੀ ਕਹਿੰਦੀ ਹੈ ਕਿ ਆਪਣੀਆਂ ਅਧੂਰੀਆਂ ਚਾਹਿਤਾਂ ਪੂਰੀਆਂ ਕਰਨ ਲਈ ਤੁਸੀਂ ਬੱਚਿਆਂ ਦਾ ਬਚਪਨ ਨਾ ਬਰਬਾਦ ਕਰੋ। ਵਕੀਲ ਵੀ ਇਸ ਗੱਲ ਦੀ ਹਾਮੀ ਭਰਦਾ ਹੈ।

ਮੰਤਰੀ ਨੂੰ ਕਟਹਿਰੇ ਵਿੱਚ ਬੁਲਾਉਣਾ - ਮਾਤਾ-ਪਿਤਾ ਤੋਂ ਬਾਅਦ ਨੀਲਪਰੀ ਦੇ ਦਰਬਾਰ ਦੇ ਕਟਹਿਰੇ ਵਿੱਚ ਮੰਤਰੀ ਦੀ ਵਾਰੀ ਆਉਂਦੀ ਹੈ। ਇਸ ਸਭ ਦੇ ਪਿੱਛੇ ਸਰਕਾਰ ਦਾ ਸਿਸਟਮ ਕੰਮ ਕਰਦਾ ਹੈ ਤਾਂ ਮੰਤਰੀ ਕਹਿੰਦਾ ਇਸ ਵਿੱਚ ਬੱਚਿਆਂ ਦਾ ਹੀ ਭਲਾ ਹੈ ਵਿਹਲੇ ਰਹਿ ਕੇ ਵਿਗੜ ਜਾਣਗੇ। ਭੈੜੀਆਂ ਆਦਤਾਂ ਦਾ ਸ਼ਿਕਾਰ ਹੋਣਗੇ। ਪਰ ਵਕੀਲ ਗੱਲ ਕੱਟਦਾ ਹੋਇਆ ਕਹਿੰਦਾ ਹੈ ਕਿ ਇਹ ਮਾਸੂਮ ਦੰਗੇ ਨਹੀਂ ਕਰਦੇ, ਧਾਰਮਿਕ ਫਸਾਦ ਨਹੀਂ ਕਰਦੇ ਜਿਵੇਂ ਵੱਡੇ ਕਰਦੇ ਹਨ। ਮੰਤਰੀ ਅਨੁਸਾਰ ਸਲੇਬਸ ਦਾ ਕਾਰਨ ਉਹਨਾਂ ਦੇ ਮਾਤਾ-ਪਿਤਾ ਹਨ।

Class-X Punjabi Lit. Assignment no-(11) By Ramandeep Kaur

Topic: ਇਕਾਂਗੀ 'ਫੁੱਲਾਂ ਨੂੰ ਕਿਤਾਬਾਂ ਵਿੱਚ ਨਾ ਰੱਖੋ' (5) Date

**ਨੀਲਧਾਰੀ ਦਾ ਫੈਸਲਾ** – ਗੱਲ ਕਦੇ ਮਾਤਾ-ਪਿਤਾ, ਕਦੇ ਅਧਿਆਪਕ, ਅਤੇ ਕਦੇ ਸਕੂਲ ਮੈਨੇਜਮੈਂਟਾਂ ਦੁਆਲੇ ਘੁੰਮਦੀ ਰਹੀ। ਕੋਈ ਕਿਸੇ ਨਤੀਜੇ ਤੇ ਨਾ ਪਹੁੰਚਿਆ। ਸਾਰੀ ਕਾਰਵਾਈ ਸੁਣਨ ਤੋਂ ਬਾਅਦ ਨੀਲਧਾਰੀ ਇਹ ਫੈਸਲਾ ਲੈਂਦੀ ਹੈ ਕਿ ਪੜ੍ਹਾਈ ਨਾਲ ਬੱਚਿਆਂ ਦਾ ਮਾਨਸਿਕ ਵਿਕਾਸ ਹੁੰਦਾ ਹੈ ਅਤੇ ਖੇਡਣ ਨਾਲ ਸਰੀਰਕ ਵਿਕਾਸ। ਦੋਹਾਂ ਦਾ ਹੋਣਾ ਜ਼ਰੂਰੀ ਹੈ। ਬੱਚਿਆਂ ਦੇ ਮਨ ਤੇ ਸਿਰਫ ਪੜ੍ਹਾਈ ਦਾ ਬੋਝ ਨਹੀਂ ਹੋਣਾ ਚਾਹੀਦਾ।

**ਨੀਲਧਾਰੀ ਦੇ ਫੈਸਲੇ ਦਾ ਵਿਰੋਧ** – ਮਾਤਾ-ਪਿਤਾ, ਪ੍ਰਿੰਸੀਪਲ, ਮੰਤਰੀ, ਅਧਿਆਪਕ ਨੀਲਧਾਰੀ ਦੀਆਂ ਗੱਲਾਂ ਤੋਂ ਸਹਿਮਤ ਨਹੀਂ ਹੁੰਦੇ ਤਾਂ ਨੀਲਧਾਰੀ ਨੂੰ ਬਹੁਤ ਗੁੱਸਾ ਆਉਂਦਾ ਹੈ। ਉਹ ਬੌਣੇ ਜਾਦੂਗਰ ਨੂੰ ਹੁਕਮ ਦਿੰਦੀ ਹੈ ਕਿ ਇਹਨਾਂ ਨੂੰ ਬਚਪਨ ਯਾਦ ਕਰਵਾਉਣ ਲਈ ਆਪਣੇ ਜਾਦੂ ਨਾਲ ਬੱਚੇ ਬਣਾ ਦੇ। ਉਹਨਾਂ ਸਭ ਨੂੰ ਬੱਚੇ ਬਣਾ ਦਿੱਤਾ ਜਾਂਦਾ ਹੈ ਅਤੇ ਉਹ ਸਾਰੇ ਬੱਚਿਆਂ ਵਾਂਗ ਵਿਹਾਰ ਕਰਨ ਲੱਗ ਪੈਂਦੇ ਹਨ। ਉਹ ਸਭ ਪੜ੍ਹਨਾ ਨਹੀਂ ਚਾਹੁੰਦੇ ਅਤੇ ਕਵਿਤਾਵਾਂ ਗਾਉਣ ਲਗ ਪੈਂਦੇ ਹਨ।

**ਮੰਮੀ-ਪਾਪਾ ਦਾ ਪਰਤ ਆਉਣਾ** – ਮੰਮੀ-ਪਾਪਾ ਸ਼ਰਮਾ ਅੰਕਲ ਦੇ ਘਰੋਂ ਮੁੜ ਆਉਂਦੇ ਹਨ ਅਤੇ ਸੋਫੇ ਤੇ ਸੁੱਤੀ ਪਈ ਮਿੰਕੀ ਨੂੰ ਗੁੱਸੇ ਵਿੱਚ ਝੰਜੋੜ ਕੇ ਜਗਾਉਂਦੇ ਹਨ ਅਤੇ ਨਰਾਜ਼ਗੀ ਜ਼ਾਹਰ ਕਰਦੇ ਹਨ ਕਿ ਇਹ ਸੌਣ ਦਾ ਕਿਹੜਾ ਵੇਲਾ ਹੈ। ਉੱਠ ਕੇ ਆਪਣੀ ਟਿਊਸ਼ਨ ਤੇ ਜਾ। ਜਦੋਂ ਅਸੀਂ ਘਰੋਂ ਚਲੇ ਜਾਈਏ ਤਾਂ ਤੁਸੀਂ ਪੜ੍ਹਨਾ ਨਹੀਂ ਹੁੰਦਾ। ਮਿੰਕੀ ਦਾ ਸੁਪਨਾ ਟੁੱਟ ਕੇ ਚੂਰ-ਚੂਰ ਹੋ ਜਾਂਦਾ ਹੈ।

**Homework** ਵਿਦਿਆਰਥੀ ਇਕਾਂਗੀ ਅਤੇ ਸਾਰ ਨੂੰ ਧਿਆਨ ਨਾਲ ਪੜ੍ਹਨਗੇ ਅਤੇ ਅਭਿਆਸ ਪੁਸਤਕ ਦਾ ਪੰਨਾ ਨੰਬਰ-(174) ਦੇ ਪ੍ਰਸ਼ਨ 2 ਦੇ ਭਾਗ (I, II, III, IV) ਹੱਲ ਕਰਨ ਦਾ ਯਤਨ ਕਰਨਗੇ।